دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in      ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਸੁਲਹ ਹੁਦੈਬਿਆ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 29 ਨਵੰਬਰ 2024 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਕਿ ਸੁਲਹ ਹੁਦੈਬਿਆ ਦੇ ਵਾਕ਼ਿਆ ਦਾ ਜ਼ਿਕਰ ਹੋ ਰਿਹਾ ਹੈ। ਇਸਦਾ ਵਧੇਰਾ ਵਿਸਥਾਰ ਬਿਆਨ ਕਰੂੰਗਾ। ਇਸ ਮੌਕ਼ੇ 'ਤੇ ਸਹਾਬਾ ਦੀ ਪਹਿਰੇ 'ਤੇ ਡਿਊਟੀ ਲਾਈ ਗਈ ਸੀ। ਇਸ ਬਾਰੇ ਜ਼ਿਕਰ ਮਿਲਦਾ ਹੈ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਸਹਾਬਾ ਨੂੰ ਰਾਤ ਦੇ ਵੇਲੇ ਪਹਿਰੇ ਦਾ ਹੁਕਮ ਦਿੱਤਾ ਹੋਇਆ ਸੀ, ਰੋਜ਼ਾਨਾ ਤਿੰਨ ਆਦਮੀ ਵਾਰੀ ਵਾਰੀ ਪਹਿਰਾ ਦਿਆ ਕਰਦੇ ਸਨ।

ਇਹ ਜ਼ਿਕਰ ਵੀ ਮਿਲਦਾ ਹੈ ਕੀ ਮੁਸਲਮਾਨਾਂ ਵਿੱਚੋਂ ਕੁੱਝ ਆਦਮੀ ਰਸੂਲੁੱਲਾਹ ਦੀ ਆਗਿਆ ਨਾਲ ਮੱਕਾ ਵਿੱਚ ਦਾਖ਼ਿਲ ਹੋਏ ਸਨ, ਇਹ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਦੀ ਅਮਾਨ ਵਿੱਚ ਮੱਕਾ ਵਿੱਚ ਦਾਖ਼ਿਲ ਹੋਏ ਸਨ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਲੁਕ ਕੇ ਦਾਖ਼ਿਲ ਹੋਏ ਸਨ। ਜਦ ਇਨ੍ਹਾਂ ਮੁਸਲਮਾਨਾਂ ਦੀ ਖ਼ਬਰ ਕੁਰੈਸ਼ ਨੂੰ ਹੋਈ ਤਾਂ ਇਨ੍ਹਾਂ ਨੂੰ ਫੜ ਲਿਆ ਗਿਆ ਅਤੇ ਕੁਰੈਸ਼ ਨੂੰ ਆਪਣੇ ਸਾਥੀਆਂ ਦੀ ਗਿਰਫ਼ਤਾਰੀ ਦੀ ਖ਼ਬਰ ਵੀ ਮਿਲ ਗਈ ਸੀ, ਜਿਨ੍ਹਾਂ ਨੂੰ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਨੇ ਰੋਕ ਲਿਆ ਸੀ, ਤਾਂ ਕੁਰੈਸ਼ ਦੇ ਇੱਕ ਹੋਰ ਹਥਿਆਰਬੰਦ ਦਸਤੇ ਨੇ ਮੁਸਲਮਾਨਾਂ 'ਤੇ ਹਮਲਾ ਕਰ ਦਿੱਤਾ। ਉਹ ਤੀਰ ਅਤੇ ਪੱਥਰ ਸੁੱਟਣ ਲੱਗੇ, ਮੁਸ਼ਰਿਕਾਂ ਦੇ ਬਾਰਾਂ (12) ਘੋੜ ਸਵਾਰਾਂ ਨੂੰ ਮੁਸਲਮਾਨਾਂ ਨੇ ਗਿਰਫ਼ਤਾਰ ਕਰ ਲਿਆ ਅਤੇ ਮੁਸਲਮਾਨਾਂ ਵਿੱਚੋਂ ਹਜ਼ਰਤ ਇਬਨਿ ਜ਼ੁਨੈਮ ਰਜ਼ਿ ਅੱਲਾਹੁ ਅਨਹੁ ਸ਼ਹੀਦ ਹੋ ਗਏ। ਕ਼ੁਰੈਸ਼ ਨੇ ਉਨ੍ਹਾਂ ਨੂੰ ਤੀਰ ਮਾਰ ਕੇ ਕ਼ਤਲ ਕਰ ਦਿੱਤਾ ਸੀ।

ਫਿਰ ਕ਼ੁਰੈਸ਼ ਨੇ ਇੱਕ ਗਿਰੋਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ ਭੇਜਿਆ, ਜਿਨ੍ਹਾਂ ਵਿੱਚ ਸੁਹੈਲ ਬਿਨ ਅਮ੍ਰ ਵੀ ਸੀ, ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜਿਵੇਂ ਹੀ ਦੂਰੋਂ ਉਸਨੂੰ ਦੇਖਿਆ ਤਾਂ ਸਹਾਬਾ ਨੂੰ ਫ਼ਰਮਾਇਆ ਕਿ ਸੁਹੈਲ ਦੇ ਦੁਆਰਾ ਤੁਹਾਡਾ ਮਾਮਲਾ ਸਹਲ ਅਰਥਾਤ ਅਸਾਨ ਹੋ ਗਿਆ ਹੈ। ਉਸਨੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ ਪਹੁੰਚ ਕੇ ਕਿਹਾ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਥੀਆਂ, ਅਰਥਾਤ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਅਤੇ ਦੂਸਰੇ ਦਸ (10) ਸਹਾਬਾ ਨੂੰ ਕ਼ੈਦ ਕਰਨ ਅਤੇ ਸਾਡੇ ਕੁੱਝ ਲੋਕਾਂ ਦੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ ਮੁਕ਼ਾਬਲਾ ਕਰਨ ਦਾ ਜਿਹੜਾ ਮਾਮਲਾ ਹੈ, ਇਸ ਵਿੱਚ ਸਾਡਾ ਕੋਈ ਮੁਅਤਬਰ ਸ਼ਾਮਿਲ ਨਹੀਂ ਹੈ, ਸਾਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਸਾਨੂੰ ਬੜੀ ਨਾ ਗਵਾਰੀ ਹੋਈ, ਸਾਨੂੰ ਇਸ ਬਾਰੇ ਕੁੱਝ ਖ਼ਬਰ ਨਹੀਂ ਹੈ। ਉਹ ਸਾਡੇ ਵਿੱਚੋਂ ਅਵਾਰਾ ਲੋਕਾਂ ਦਾ ਕੰਮ ਸੀ, ਇਸ ਲਈ ਸਾਡੇ ਜਿਹੜੇ ਆਦਮੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੋਹਾਂ ਵਾਰ ਫੜੇ ਹਨ, ਉਨ੍ਹਾਂ ਨੂੰ ਸਾਡੇ ਕੋਲ ਵਾਪਿਸ ਭੇਜ ਦਿਓ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਂ ਉਨ੍ਹਾਂ ਨੂੰ ਉਦੋਂ ਤੱਕ ਨਹੀਂ ਭੇਜਾਂਗਾ, ਜਦੋਂ ਤੱਕ ਤੁਸੀਂ ਮੇਰੇ ਸਾਥੀਆਂ ਨੂੰ ਨਹੀਂ ਛੱਡੋਗੇ। ਇਸ 'ਤੇ ਉਨ੍ਹਾਂ ਸਭ ਲੋਕਾਂ ਨੇ ਕਿਹਾ ਕਿ ਅੱਛਾ, ਅਸੀਂ ਉਨ੍ਹਾਂ ਨੂੰ ਛੱਡ ਦਿੰਦੇ ਹਾਂ, ਜਿਸ 'ਤੇ ਕ਼ੁਰੈਸ਼ ਨੇ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ

ਅਤੇ ਬਾਕ਼ੀ ਦਸ (10) ਸਹਾਬਾ ਨੂੰ ਵਾਪਿਸ ਭੇਜ ਦਿੱਤਾ, ਉਸ ਵੇਲੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਵੀ ਉਨ੍ਹਾਂ ਦੇ ਆਦਮੀਆਂ ਨੂੰ ਛੱਡ ਦਿੱਤਾ।

ਜਿਵੇਂ ਕਿ ਜ਼ਿਕਰ ਹੋਇਆ ਹੈ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਨੂੰ ਕਾਫ਼ਿਰਾਂ ਨੇ ਫੜ ਲਿਆ ਸੀ, ਜਦ ਇਹ ਖ਼ਬਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਪਹੁੰਚੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਹਾਬਾ ਤੋਂ ਇੱਕ ਬੈਅਤ, ਇੱਕ ਵਚਨ ਲਿਆ ਸੀ, ਜਿਸਨੂੰ ਬੈਅਤਿ ਰਿਜ਼ਵਾਨ ਕਹਿੰਦੇ ਹਨ। ਜਦ ਕ਼ੁਰੈਸ਼ ਨੂੰ ਹੁਦੈਬਿਆ ਦੀ ਇਸ ਬੈਅਤ ਦਾ ਹਾਲ ਗਿਆਤ ਹੋਇਆ ਤਾਂ ਉਹ ਲੋਕ ਬਹੁਤ ਭੈਭੀਤ ਹੋਏ ਅਤੇ ਉਨ੍ਹਾਂ ਦੇ ਮੁਅਤਬਰ ਲੋਕਾਂ ਨੇ ਰਾਏ ਦਿੱਤੀ ਕਿ ਸੁਲਹ ਕਰਨਾ ਸਹੀ ਹੋਵੇਗਾ, ਅਰਥਾਤ ਇਸ ਤਰ੍ਹਾਂ ਸੁਲਹ ਕੀਤੀ ਜਾਵੇ, ਇਹ ਕਿਹਾ ਜਾਵੇ ਕਿ ਇਸ ਸਾਲ ਆਪ ਵਾਪਿਸ ਪਰਤ ਜਾਓ ਅਤੇ ਅਗਲੇ ਸਾਲ ਆ ਕੇ ਤਿੰਨ ਦਿਨ ਮੱਕੇ ਵਿੱਚ ਠਹਿਰ ਸਕਦੇ ਹੋ ਪਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ ਸਿਰਫ਼, ਜੋ ਇੱਕ ਸਵਾਰ ਦੇ ਜ਼ਰੂਰੀ ਹਥਿਆਰ ਹੁੰਦੇ ਹਨ, ਅਰਥਾਤ ਮਿਆਨਾਂ ਵਿੱਚ ਪਈਆਂ ਤਲਵਾਰਾਂ ਅਤੇ ਕਮਾਨਾਂ, ਉਹੀ ਹੋਣ।

ਸੁਲਹ ਹੁਦੈਬਿਆ ਦੇ ਬਾਰੇ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਇਸ ਤਰ੍ਹਾਂ ਲਿਖਿਆ ਹੈ ਕਿ ਸੁਹੈਲ ਆਇਆ ਅਤੇ ਆਉਂਦੇ ਹੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਕਹਿਣ ਲੱਗਾ ਕਿ ਆਓ ਜੀ, ਹੁਣ ਲੰਮੀ ਬਹਿਸ ਜਾਣ ਦਿਓ, ਅਸੀਂ ਸੰਧੀ ਲਈ ਤਿਆਰ ਹਾਂ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਅਸੀਂ ਵੀ ਤਿਆਰ ਹਾਂ ਅਤੇ ਇਸ ਇਰਸ਼ਾਦ ਦੇ ਨਾਲ ਹੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਸੈਕਟਰੀ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ ਬੁਲਵਾਇਆ। ਅਤੇ ਕਿਉਂਕਿ ਸ਼ਰਤਾਂ ਉੱਤੇ ਪਹਿਲਾਂ ਹੀ ਇੱਕ ਆਮ ਬਹਿਸ ਹੋ ਚੁੱਕੀ ਸੀ ਅਤੇ ਵਿਸਥਾਰ ਨੇ ਨਾਲ ਨਾਲ ਤੈ ਪਾਉਣਾ ਸੀ, ਇਸ ਲਈ ਕਾਤਿਬ (ਲਿਖਣ ਵਾਲੇ) ਦੇ ਆਉਂਦੇ ਹੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਲਿਖੋ ਅਤੇ ਬਿਸਮਿੱਲਾ-ਹਿਰ ਰਹਮਾ-ਨਿਰ ਰਹੀਮ (بِسۡمِ اللّٰہِ الرَّحۡمٰنِ الرَّحِیۡمِ) ਤੋਂ ਸ਼ੁਰੂ ਕੀਤਾ। ਸੁਹੈਲ ਸੁਲਹ ਲਈ ਤਾਂ ਤਿਆਰ ਸੀ, ਪਰ ਕ਼ੁਰੈਸ਼ ਦੇ ਹੱਕਾਂ ਦੀ ਸੁਰੱਖਿਆ ਲਈ ਅਤੇ ਮੱਕੇ ਦੇ ਰਹਿਣ ਵਾਲਿਆਂ ਦੇ ਆਦਰ ਲਈ ਵੀ ਬਹੁਤ ਚੌਕਸ ਰਹਿਣਾ ਚਾਹੁੰਦਾ ਸੀ, ਉਸਨੇ ਅਰਬ ਦੇ ਰਿਵਾਜ ਦੇ ਮੁਤਾਬਿਕ਼ ਬਿ-ਇਸਮਿਕਾ ਅੱਲਾਹੁੰਮਾ (بِاسۡمِكَ اَللّٰهُمَّ) ਲਿਖਣ ਤੇ ਜ਼ਿੱਦ ਕੀਤੀ। ਦੂਸਰੇ ਪਾਸੇ ਮੁਸਲਮਾਨਾਂ ਲਈ ਵੀ ਕ਼ੌਮੀ ਇੱਜ਼ਤ ਅਤੇ ਧਾਰਮਿਕ ਅਣਖ ਦਾ ਸਵਾਲ ਸੀ, ਉਹ ਵੀ ਇਸ ਤਬਦੀਲੀ ‘ਤੇ ਫ਼ੌਰਨ ਚੌਂਕ ਪਏ ਅਤੇ ਕਹਿਣ ਲੱਗੇ ਕਿ ਅਸੀਂ ਤਾਂ ਜ਼ਰੂਰ ਬਿਸਮਿੱਲਾ-ਹਿਰ ਰਹਮਾ-ਨਿਰ ਰਹੀਮ (بِسۡمِ اللّٰہِ الرَّحۡمٰنِ الرَّحِیۡمِ) ਹੀ ਲਿਖਾਂਗੇ। ਪਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਕਹਿ ਕਿ ਮੁਸਲਮਾਨਾਂ ਨੂੰ ਚੁੱਪ ਕਰਵਾ ਦਿੱਤਾ ਕਿ ਨਹੀਂ, ਇਸ ਵਿੱਚ ਕੋਈ ਹਰਜ ਨਹੀਂ, ਜਿਸ ਤਰ੍ਹਾਂ ਸੁਹੈਲ ਕਹਿੰਦਾ ਹੈ ਉਸੇ ਤਰ੍ਹਾਂ ਲਿਖ ਲਓ। ਇਸਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਲਿਖੋ ਕਿ ਇਹ ਸੰਧੀ ਹੈ ਜਿਹੜੀ ਮੁਹੰਮਦ ਰਸੂਲੁੱਲਾਹ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੇ ਕੀਤੀ ਹੈ। ਸੁਹੈਲ ਨੇ ਫਿਰ ਟੋਕਿਆ ਕਿ ਇਹ “ਰਸੂਲੁੱਲਾਹ” ਦੇ ਸ਼ਬਦ ਅਸੀਂ ਨਹੀਂ ਲਿਖਣ ਦਿਆਂਗੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਤੁਸੀਂ ਲੋਕ ਮੰਨੋ ਜਾਂ ਨਾ ਮੰਨੋ, ਮੈਂ ਖ਼ੁਦਾ ਦਾ ਰਸੂਲ ਤਾਂ ਹਾਂ, ਪਰ ਕਿਉਂਕਿ ਮੈਂ ਮੁਹੰਮਦ ਬਿਨ ਅਬਦੁੱਲਾਹ ਵੀ ਹਾਂ, ਇਸ ਲਈ ਚਲੋ ਇੰਝ ਹੀ ਸਹੀ। ਇੱਥੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕਾਤਿਬ (ਲਿਖਣ ਵਾਲੇ) ਦੀ ਇਮਾਨੀ ਗ਼ੈਰਤ (ਅਣਖ) ਦਾ ਵੀ ਜ਼ਿਕਰ ਹੋਇਆ ਹੈ ਕਿ ਆਪ ਰਜ਼ਿ ਅੱਲਾਹੁ ਅਨਹੁ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਮ ਦੇ ਅੱਗਿਓਂ “ਰਸੂਲੁੱਲਾਹ” ਦੇ ਸ਼ਬਦਾਂ ਨੂੰ ਮਿਟਾਉਣਾ ਨਾ ਪਸੰਦ ਕੀਤਾ ਅਤੇ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਸ਼ਬਦ ਮਿਟਾਏ।

ਇਸ ਮੌਕੇ ‘ਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੇ ਜੋਸ਼ੋ ਖ਼ਰੋਸ਼ ਦਾ ਵੀ ਜ਼ਿਕਰ ਮਿਲਦਾ ਹੈ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਵੀ ਇਸ ਵਾਕ਼ਿਆ ਨੂੰ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਦੀ ਸਿਫ਼ਤ ਦੇ ਰੰਗ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਇੱਕ ਵਾਰ ਰਸੂਲਿ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਹਾਬਾ ਨੂੰ

ਸੰਬੋਧਨ ਕਰਦੇ ਹੋਏ ਫ਼ਰਮਾਇਆ ਕਿ ਮੈਂ ਤੁਹਾਨੂੰ ਬਹੁਤ ਹੁਕਮ ਦਿੱਤੇ, ਪਰ ਮੈਂ ਤੁਹਾਡੇ ਵਿੱਚੋਂ ਸਭ ਤੋਂ ਖਰੇ ਲੋਕਾਂ ਵਿੱਚ ਵੀ ਕਈ ਵਾਰ ਵਿਰੋਧ ਦੀ ਰੂਹ ਦੇਖੀ, ਪਰ ਅਬੂ ਬਕਰ ਦੇ ਅੰਦਰ ਮੈਂ ਇਹ ਰੂਹ ਕਦੇ ਨਹੀਂ ਦੇਖੀ।

ਸੁਲਹ ਦੀ ਸੰਧੀ ਦੀ ਲਿਖਤ ਦੇ ਬਾਰੇ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਬੜੀ ਬਹਿਸ ਦੇ ਬਾਅਦ ਇਹ ਸੰਧੀ ਪੂਰਨ ਹੋਈ ਅਤੇ ਲੱਗ ਭਗ ਹਰ ਮਾਮਲੇ ਦੇ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੀ ਗੱਲ ਨੂੰ ਛੱਡ ਕੇ ਕੁਰੈਸ਼ ਦੀ ਮੰਗ ਮੰਨ ਲਈ ਅਤੇ ਖ਼ੁਦਾਈ ਮਰਜ਼ੀ ਦੇ ਤਹਿਤ ਆਪਣੇ ਇਸ ਵਚਨ ਨੂੰ ਪੂਰੀ ਵਫ਼ਾਦਾਰੀ ਨਾਲ਼ ਪੂਰਾ ਕੀਤਾ। ਇਸ ਸੰਧੀ ਦੀਆਂ ਦੋ ਨਕ਼ਲਾਂ ਕੀਤੀਆਂ ਗਈਆਂ ਅਤੇ ਗਵਾਹ ਦੇ ਤੌਰ 'ਤੇ ਦੋਹਾਂ ਪਾਸਿਆਂ ਦੇ ਮੁਅਤਬਰ ਲੋਕਾਂ ਨੇ ਇਨ੍ਹਾਂ 'ਤੇ ਹਸਤਾਖਰ ਕੀਤੇ। ਸੰਧੀ ਪੂਰੀ ਹੋਣ ਦੇ ਬਾਅਦ ਸੁਹੈਲ ਬਿਨ ਅਮ੍ਰ ਸੰਧੀ ਦੀ ਇੱਕ ਨਕ਼ਲ ਲੈ ਕੇ ਮੱਕੇ ਵੱਲ ਵਾਪਿਸ ਪਰਤ ਗਿਆ ਅਤੇ ਦੂਸਰੀ ਨਕ਼ਲ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਰਹੀ।

ਸਹਾਬਾ ਦੀ ਘਬਰਾਹਟ ਦਾ ਵੀ ਜ਼ਿਕਰ ਮਿਲਦਾ ਹੈ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇਸ ਮਾਮਲੇ ਤੋਂ ਵਿਹਲੇ ਹੋਏ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਸਹਾਬਾ ਨੂੰ ਫ਼ਰਮਾਇਆ ਕਿ ਉੱਠੋ! ਆਪਣੇ ਊਠਾਂ ਨੂੰ ਜ਼ਿਬਹ ਕਰੋ, ਫਿਰ ਸਿਰ ਮੁਨਾਓ। ਤਾਂ ਉਨ੍ਹਾਂ ਵਿੱਚੋਂ ਇੱਕ ਵੀ ਖੜਾ ਨਾ ਹੋਇਆ, ਇੱਥੋਂ ਤੱਕ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹੀ ਗੱਲ ਤਿੰਨ ਵਾਰ ਕਹੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਗੱਲ ਦਾ ਦੁੱਖ ਹੋਇਆ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਖ਼ਾਮੋਸ਼ ਹੋ ਕੇ ਆਪਣੇ ਤੰਬੂ ਦੇ ਅੰਦਰ ਆ ਗਏ। ਤੰਬੂ ਦੇ ਅੰਦਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸਤਿਕਾਰਯੋਗ ਪਤਨੀ ਹਜ਼ਰਤ ਉੱਮਿ ਸਲਮਾ ਰਜ਼ਿ ਅੱਲਾਹੁ ਅਨਹਾ, ਜੋ ਇੱਕ ਅਤਿਅਧਿਕ ਅਕ਼ਲਮੰਦ ਇਸਤ੍ਰੀ ਸਨ, ਇਹ ਨਜ਼ਾਰਾ ਦੇਖ ਰਹੀ ਸਨ। ਉਨ੍ਹਾਂ ਨੇ ਆਪਣੇ ਦੁਖੀ ਅਤੇ ਮਹਿਬੂਬ ਪਤੀ ਨੂੰ ਫ਼ਿਕਰਮੰਦ ਹਾਲਤ ਵਿੱਚ ਅੰਦਰ ਆਉਂਦੇ ਦੇਖਿਆ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਮੂੰਹੋਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਫ਼ਿਕਰ ਪਤਾ ਕੀਤੀ ਤਾਂ ਹਮਦਰਦੀ ਅਤੇ ਮੁਹੱਬਤ ਦੇ ਅੰਦਾਜ਼ ਵਿੱਚ ਅਰਜ਼ ਕੀਤਾ ਕਿ ਹੇ ਅੱਲਾਹ ਦੇ ਰਸੂਲ! ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੁੱਖ ਨਾ ਕਰੋ, ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਸਹਾਬਾ ਖ਼ੁਦਾ ਦੇ ਫ਼ਜ਼ਲ ਨਾਲ਼ ਨਾਫ਼ਰਮਾਨ ਨਹੀਂ, ਪਰ ਇਸ ਸੰਧੀ ਦੀਆਂ ਸ਼ਰਤਾਂ ਨੇ ਉਨ੍ਹਾਂ ਨੂੰ ਗ਼ਮ ਨਾਲ਼ ਪਾਗਲ ਕੀਤਾ ਹੋਇਆ ਹੈ। ਮੇਰਾ ਸੁਝਾਅ ਇਹ ਹੈ ਕਿ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਉਨ੍ਹਾਂ ਨੂੰ ਕੁੱਝ ਨਾ ਕਹੋ ਸਗੋਂ ਖ਼ਾਮੋਸ਼ੀ ਨਾਲ਼ ਬਾਹਰ ਜਾ ਕੇ ਆਪਣੇ ਕੁਰਬਾਨੀ ਦੇ ਜਾਨਵਰ ਨੂੰ ਜ਼ਿਬਹ ਕਰ ਦਿਓ ਅਤੇ ਆਪਣੇ ਸਿਰ ਦੇ ਵਾਲ਼ ਮੁਨਾ ਦਿਓ, ਫਿਰ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਸਹਾਬਾ ਆਪਣੇ ਆਪ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਪਿੱਛੇ ਹੋ ਪੈਣਗੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਆਪ ਰਜ਼ਿ ਅੱਲਾਹੁ ਅਨਹਾ ਦਾ ਸੁਝਾਅ ਪਸੰਦ ਆਇਆ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ 'ਤੇ ਅਮਲ ਕੀਤਾ।

ਰਿਵਾਇਤ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਹੁਦੈਬਿਆ ਵਿੱਚ ਉੱਨੀ (19) ਦਿਨ ਠਹਿਰੇ ਰਹੇ ਅਤੇ ਕਿਹਾ ਜਾਂਦਾ ਹੈ ਕਿ ਵੀਹ (20) ਰਾਤਾਂ ਠਹਿਰੇ ਰਹੇ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਵਾਪਸੀ ਦੇ ਸਫ਼ਰ ਵਿੱਚ ਉਸਫ਼ਾਨ ਦੇ ਨੇੜੇ ਕੁਰਾਉਲ ਗ਼ਮੀਮ ਵਿੱਚ ਪਹੁੰਚੇ ਅਤੇ ਇਹ ਰਾਤ ਦਾ ਵੇਲ਼ਾ ਸੀ ਤਾਂ ਐਲਾਨ ਕਰਵਾ ਕੇ ਸਹਾਬਾ ਨੂੰ ਜਮ੍ਹਾ ਕਰਵਾਇਆ ਅਤੇ ਫ਼ਰਮਾਇਆ ਅੱਜ ਰਾਤ ਮੇਰੇ ਉੱਤੇ ਇੱਕ ਸੂਰਤ (ਸੂਰਤ ਫ਼ਤਿਹ) ਉੱਤਰੀ ਹੈ ਜਿਹੜੀ ਮੈਨੂੰ ਦੁਨੀਆ ਦੀਆਂ ਸਾਰੀਆਂ ਚੀਜ਼ਾਂ ਤੋਂ ਵਧ ਕੇ ਪਿਆਰੀ ਹੈ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਆਇਤਾਂ (ਸੂਰਤ ਫ਼ਤਿਹ ਦੀ 2 ਤੋਂ 4 ਅਤੇ 28ਵੀਂ ਆਇਤ) ਸਹਾਬਾ ਨੂੰ ਸੁਣਾਈਆਂ ਤਾਂ ਕਿਉਂਕਿ ਕੁੱਝ ਸਹਾਬਾ ਦੇ ਦਿਲਾਂ ਵਿੱਚ ਅਜੇ ਤੱਕ ਸੁਲਹ ਹੁਦੈਬਿਆ ਦੀ ਕੜਵਾਹਟ ਬਾਕ਼ੀ ਸੀ, ਉਹ ਹੈਰਾਨ ਹੋਏ ਕਿ ਜ਼ਾਹਿਰੀ ਤੌਰ 'ਤੇ ਤਾਂ ਅਸੀਂ ਨਾਕਾਮ ਹੋ ਕੇ ਵਾਪਿਸ ਜਾ ਰਹੇ ਹਾਂ ਅਤੇ ਖ਼ੁਦਾ ਸਾਨੂੰ ਫ਼ਤਿਹ ਦੀ ਮੁਬਾਰਕਬਾਦ ਦੇ ਰਿਹਾ ਹੈ। ਇੱਥੋਂ ਤੱਕ ਕਿ ਕੁੱਝ ਜਲਦਬਾਜ਼ ਸਹਾਬਾ ਨੇ ਇਸ ਤਰ੍ਹਾਂ ਦੇ ਅਲਫ਼ਾਜ਼ ਵੀ ਕਹੇ ਕਿ ਕੀ ਇਹ ਫ਼ਤਿਹ ਹੈ ਕਿ ਅਸੀਂ ਬੈਤੁੱਲਾਹ (ਅੱਲਾਹ ਦਾ ਘਰ ਭਾਵ ਖ਼ਾਨਾ ਕਾਅਬਾ) ਦੇ ਤਵਾਫ਼ ਤੋਂ ਵਾਂਝੇ ਹੋ ਕੇ ਵਾਪਿਸ ਜਾ ਰਹੇ ਹਾਂ? ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੱਕ ਇਹ ਗੱਲ ਪਹੁੰਚੀ ਤਾਂ

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਹੁਤ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ ਅਤੇ ਇੱਕ ਛੋਟੇ ਜਿਹੇ ਭਾਸ਼ਣ ਵਿੱਚ ਜੋਸ਼ ਦੇ ਨਾਲ਼ ਫ਼ਰਮਾਇਆ ਕਿ ਇਹ ਬਹੁਤ ਬੇਹੂਦਾ ਐਤਰਾਜ਼ ਹੈ ਕਿਉਂਕਿ ਕ਼ੁਰੈਸ਼ ਜਿਹੜੇ ਸਾਡੇ ਖ਼ਿਲਾਫ਼ ਜੰਗ ਦੇ ਮੈਦਾਨ ਵਿੱਚ ਉੱਤਰੇ ਹੋਏ ਸਨ, ਉਨ੍ਹਾਂ ਨੇ ਆਪ ਜੰਗ ਛੱਡ ਕੇ ਅਮਨ ਦੀ ਸੰਧੀ ਕਰ ਲਈ ਹੈ ਅਤੇ ਅਗਲੇ ਸਾਲ ਸਾਡੇ ਲਈ ਮੱਕਾ ਦੇ ਦਰਵਾਜ਼ੇ ਖੋਲ੍ਹ ਦੇਣ ਦਾ ਵਚਨ ਕੀਤਾ ਹੈ ਅਤੇ ਅਸੀਂ ਅਮਨ ਤੇ ਸਲਾਮਤੀ ਦੇ ਨਾਲ਼ ਮੱਕੇ ਵਾਲਿਆਂ ਦੇ ਫ਼ਿਤਨਿਆਂ ਅਤੇ ਸ਼ੜਯੰਤਰਾਂ ਤੋਂ ਸੁਰੱਖਿਅਤ ਹੋ ਕੇ ਅਤੇ ਅਗਾਂਹ ਫ਼ਤਿਹ ਦੀਆਂ ਖ਼ੁਸ਼ਬੂਆਂ ਪਾਉਂਦੇ ਹੋਏ ਵਾਪਿਸ ਜਾਂ ਰਹੇ ਹਾਂ। ਯਕ਼ੀਨੰਨ ਇਹ ਇੱਕ ਬਹੁਤ ਵੱਡੀ ਫ਼ਤਿਹ ਹੈ। ਕੀ ਤੁਸੀਂ ਲੋਕ ਉਨ੍ਹਾਂ ਨਜ਼ਾਰਿਆਂ ਨੂੰ ਭੁੱਲ ਗਏ ਕਿ ਇਹੀ ਕ਼ੁਰੈਸ਼ ਉਹਦ ਅਤੇ ਅਹਜ਼ਾਬ ਦੀਆਂ ਜੰਗਾਂ ਵਿੱਚ ਕਿਸ ਤਰ੍ਹਾਂ ਤੁਹਾਡੇ ਖ਼ਿਲਾਫ਼ ਚੜ੍ਹਾਈਆਂ ਕਰ ਕਰ ਕੇ ਆਏ ਸਨ ਤੇ ਇਹ ਜ਼ਮੀਨ ਬਾਵਜੂਦ ਖੁੱਲ੍ਹੀ ਹੋਣ ਦੇ ਤੁਹਾਡੇ ਲਈ ਤੰਗ ਹੋ ਗਈ ਸੀ ਅਤੇ ਤੁਹਾਡੀਆਂ ਅੱਖਾਂ ਪਥਰਾ ਗਈਆਂ ਸਨ ਅਤੇ ਕਲੇਜੇ ਮੂੰਹ ਨੂੰ ਆਉਂਦੇ ਸਨ ਪਰ ਅੱਜ ਇਹੀ ਕ਼ੁਰੈਸ਼ ਤੁਹਾਡੇ ਨਾਲ਼ ਅਮਨ ਅਤੇ ਅਮਾਨ ਦੀ ਸੰਧੀ ਕਰ ਰਹੇ ਹਨ। ਸਹਾਬਾ ਨੇ ਅਰਜ਼ ਕੀਤਾ ਕੇ ਹੇ ਅੱਲਾਹ ਦੇ ਰਸੂਲ! ਅਸੀਂ ਸਮਝ ਗਏ, ਅਸੀਂ ਸਮਝ ਗਏ। ਜਿੱਥੋਂ ਤੱਕ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੀ ਨਜ਼ਰ ਪਹੁੰਚੀ ਹੈ ਉੱਥੋਂ ਤੱਕ ਸਾਡੀ ਨਜ਼ਰ ਨਹੀਂ ਪਹੁੰਚੀ।

ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਬਿਆਨ ਕਰਦੇ ਹਨ ਕਿ ਹੁਦੈਬਿਆ ਦੇ ਕ਼ਿੱਸੇ ਨੂੰ ਖ਼ੁਦਾ ਤਆਲਾ ਨੇ ਫ਼ਤਹਿ ਮੁਬੀਨ ਦਾ ਨਾਮ ਦਿੱਤਾ ਹੈ ਅਤੇ ਫ਼ਰਮਾਇਆ ਕਿ إِنَّا فَتَحْنَا لَكَ فَتْحًا مُّبِينًا। ਉਹ ਫ਼ਤਿਹ ਅਕਸਰ ਸਹਾਬਾ 'ਤੇ ਵੀ ਲੁਕੀ ਰਹੀ ਸਗੋਂ ਕੁੱਝ ਮੁਨਾਫ਼ਿਕਾਂ (ਮੁਨਾਫ਼ਿਕ਼- ਉੱਤੋਂ ਮੁਸਲਮਾਨ ਹੋ ਕੇ ਅੰਦਰੋਂ ਇਸਲਾਮ ਅਤੇ ਮੁਸਲਮਾਨਾਂ ਨਾਲ਼ ਦੁਸ਼ਮਣੀ ਕਰਨ ਵਾਲਾ ਵਿਅਕਤੀ) ਦੇ ਮੁਰਤਦ (ਦੀਨ ਤੋਂ ਵਿਮੁਖ ਹੋਣਾ) ਹੋਣ ਦਾ ਕਾਰਣ ਹੋਈ ਪਰ ਦਰਅਸਲ ਉਹ ਫ਼ਤਹਿ ਮੁਬੀਨ ਸੀ, ਭਾਂਵੇਂ ਇਸਦੇ ਮਾਮਲੇ ਗਹਿਰੇ ਸਨ।

ਅੱਲਾਮਾ ਬਲਾਜ਼ਰੀ ਰਹਮਾ-ਤੁੱਲਾਹਿ ਅਲੈਹਿ ਨੇ ਲਿਖਿਆ ਹੈ ਕਿ ਸੁਲਹ ਦੇ ਬਹੁਤ ਸਾਰੇ ਨਤੀਜੇ ਅਤੇ ਫਲ਼ ਜ਼ਾਹਿਰ ਹੋਏ। ਆਖ਼ਿਰਕਾਰ ਮੱਕਾ ਫ਼ਤਿਹ ਹੋਇਆ, ਸਾਰੇ ਮੱਕਾ ਵਾਲ਼ੇ ਇਸਲਾਮ ਵਿੱਚ ਦਾਖ਼ਿਲ ਹੋ ਗਏ, ਲੋਕ ਗਿਰੋਹਾਂ ਦੇ ਗਿਰੋਹ ਇਸਲਾਮ ਵਿੱਚ ਦਾਖ਼ਿਲ ਹੋਣ ਲੱਗੇ। ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਬਿਆਨ ਕਰਦੇ ਹਨ ਕਿ ਸੁਲਹ ਹੁਦੈਬਿਆ ਦੇ ਮੁਬਾਰਕ ਫਲ਼ਾਂ ਵਿੱਚੋਂ ਇੱਕ ਇਹ ਵੀ ਹੈ ਕਿ ਲੋਕਾਂ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਆਉਣ ਦਾ ਮੌਕ਼ਾ ਮਿਲਿਆ ਅਤੇ ਉਨ੍ਹਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਗੱਲਾਂ ਸੁਣੀਆਂ ਤਾਂ ਉਨ੍ਹਾਂ ਵਿੱਚੋਂ ਹਜ਼ਾਰਾਂ ਲੋਕ ਮੁਸਲਮਾਨ ਹੋ ਗਏ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਾਕ਼ੀ ਇੰਸ਼ਾ ਅੱਲਾਹ ਅਗਲੇ ਖ਼ੁਤਬੇ ਵਿੱਚ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَأَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞